

# ਤੁਹਾਡੇ ਬੱਚੇ ਦੀ ਤਰੱਕੀ

## ਸਕੂਲੀ ਵਰ੍ਹੇ 2017-18 ਲਈ ਪੜ੍ਹਾਈ ਦੇ ਮਿਆਰ

ਵਾਸ਼ਿੰਗਟਨ ਦੇ K–12 ਪੜ੍ਹਾਈ ਦੇ ਮਿਆਰ ਹਨ ਜੋ ਅਜਿਹੀ ਜਾਣਕਾਰੀ ਅਤੇ ਹੁਨਰਾਂ ਨੂੰ ਪਰਿਭਾਸ਼ਤ ਕਰਦੇ ਹਨ ਜਿਹਨਾਂ ਦੀ ਲੋੜ ਹਰੇਕ ਵਿਦਿਆਰਥੀ ਨੂੰ ਹਾਈ ਸਕੂਲ ਮੁਕੰਮਲ ਕਰਨ ਤੋਂ ਬਾਅਦ ਕੈਰੀਅਰ, ਕਾਲਜ ਅਤੇ ਜ਼ਿੰਦਗੀ ਲਈ ਤਿਆਰ ਹੋਣ ਵਾਸਤੇ ਪੈਂਦੀ ਹੈ।

ਹੇਠਾਂ ਅੱਠਵੇਂ ਗ੍ਰੇਡ ਲਈ ਵਾਸ਼ਿੰਗਟਨ ਦੇ ਪੜ੍ਹਾਈ ਦੇ ਮੁੱਖ ਟੀਚਿਆਂ ਦੀਆਂ ਸੰਖੇਪ ਉਦਾਹਰਨਾਂ ਹਨ।
ਵਧੇਰੇ ਪੂਰਨ ਜਾਣਕਾਰੀ ਲਈ, ਇਸ ਵੈਬਸਾਈਟ 'ਤੇ ਜਾਓ:

**www.YourChildsProgress.com**

- **ਕਲਾਵਾਂ।** ਨ੍ਰਿਤ ਕਲਾਂ ਦੇ ਉਪਕਰਣਾਂ ਦੀ ਵਰਤੋਂ ਨਾਲ ਨ੍ਰਿਤ ਤਿਆਰ ਕਰਨਾ; ਯੋਗਤਾ ਦੇ ਅਧਾਰ 'ਤੇ ਸੰਗੀਤਕ ਚੋਣਾਂ ਕਰਨੀਆਂ; ਥਿਏਟਰ ਦੀਆਂ ਸ਼ੈਲੀਆਂ ਅਤੇ ਢੰਗਾਂ ਦੀ ਤੁਲਨਾ ਕਰਨੀ; ਕਲਾ ਲਈ ਪ੍ਰਤੀਕਿਰਿਆ ਪ੍ਰਗਟ ਕਰਨੀ।
- **ਵਿੱਦਿਅਕ ਤਕਨੀਕ।** ਇੱਕੋ ਘਟਨਾ ਦੇ ਨਜ਼ਰੀਏ ਜਾਂ ਪੂਰਵ-ਗ੍ਰਹਿ (ਪੱਖਪਾਤ) ਦੀ ਤੁਲਨਾ ਕਰਨ ਲਈ ਦੁਨੀਆ ਦੇ ਆਨਲਾਈਨ ਅਖ਼ਬਾਰਾਂ ਦੀ ਵਰਤੋਂ ਕਰਨੀ।
- **ਅੰਗਰੇਜ਼ੀ ਭਾਸ਼ਾ ਕਲਾਵਾਂ (ELA)।** ਦੋ ਜਾਂ ਦੋ ਤੋਂ ਵੱਧ ਟੈਕਸਟਾਂ ਦੇ ਢਾਂਚਿਆਂ ਦੀ ਤੁਲਨਾ ਅਤੇ ਫਰਕ ਕਰਨਾ; ਯੋਜਨਾ ਬਣਾ ਕੇ, ਦੁਹਰਾਓ ਕਰਕੇ, ਸੰਪਾਦਨ ਕਰਕੇ ਅਤੇ ਮੁੜ ਤੋਂ ਲਿਖ ਕੇ ਲਿਖਣ ਦਾ ਵਿਕਾਸ ਕਰਨਾ।
- **ਸਿਹਤ ਅਤੇ ਸਰੀਰਕ ਸਿੱਖਿਆ।** ਸਰੀਰਕ ਸਿੱਖਿਆ ਵਿੱਚ ਸੁਧਾਰ ਕਰਨ ਲਈ ਟੀਚੇ ਤੈਅ ਕਰਨੇ, ਪ੍ਰਗਤੀ 'ਤੇ ਨਜ਼ਰ ਰੱਖਣੀ, ਅਤੇ ਗਤੀਵਿਧੀਆਂ ਵਿੱਚ ਭਾਗ ਲੈਣਾ; ਬਿਮਾਰੀਆਂ ਦੀ ਸ਼ੁਰੂਆਤ ਅਤੇ ਕਾਰਨਾਂ ਨੂੰ ਸਮਝਣਾ।
- **ਗਣਿਤ।** ਸਮੱਸਿਆਂ ਨੂੰ ਦਰਸਾਉਣ, ਵਿਸ਼ਲੇਸ਼ਣ ਕਰਨ ਅਤੇ ਹੱਲ ਕਰਨ ਲਈ ਰੇਖਾਵੀ ਸਮੀਕਰਨਾਂ ਦੀ ਵਰਤੋਂ ਕਰਨੀ ਅਤੇ ਸਾਰਣੀਆਂ, ਗ੍ਰਾਫਾਂ ਜਾਂ ਸਮੀਕਰਨਾਂ ਵਰਗੇ ਚਿੱਤਰਾਂ (ਪ੍ਰਗਟਾਵੇ) ਦੀ ਵਰਤੋਂ ਕਰਦਿਆਂ ਫਲਨਾਂ ਦਾ ਵਿਸ਼ਲੇਸ਼ਣ ਕਰਨਾ।
- **ਵਿਗਿਆਨ।** ਇੰਜਨੀਅਰਿੰਗ ਬਾਰੇ ਸਿੱਖਣਾ, ਮਾਡਲ ਤਿਆਰ ਕਰਨੇ ਅਤੇ ਪ੍ਰਣਾਲੀਆਂ ਦਰਮਿਆਨ ਪ੍ਰਤੀਕਰਮਾਂ ਦੀ ਪੜਤਾਲ ਕਰਨੀ।ਣਾ, ਮਾਡਲ ਤਿਆਰ ਕਰਨੇ, ਅਤੇ ਪ੍ਰਣਾਲੀਆਂ ਦਰਮਿਆਨ ਪ੍ਰਤੀਕਰਮਾਂ ਦੀ ਪੜਤਾਲ ਕਰਨੀ।
- **ਸਮਾਜਿਕ ਸਿੱਖਿਆ।** ਪੁਨਰ-ਨਿਰਮਾਣ ਅਤੇ ਉਦਯੋਗੀਕਰਨ ਜ਼ਰੀਏ ਸੰਵਿਧਾਨ ਬਣਾਉਣ ਦੇ ਵਿਚਾਰਾਂ, ਮੁੱਦਿਆਂ ਅਤੇ ਘਟਨਾਵਾਂ ਦੀ ਪੜਤਾਲ ਕਰਨੀ।

ਵਾਸ਼ਿੰਗਟਨ ਕੋਲ **ਇੰਟੇਗ੍ਰੇਟਡ ਇਨਵਾਇਰਨਮੈਂਟ ਐਂਡ ਸਸਟੇਨੇਬਿਲਟੀ, ਵਰਲਡ ਲੈਂਗੁਏਜ਼ਸ, ਕੈਰੀਅਰ ਐਂਡ ਟੈਕਨੀਕਲ ਐਜੂਕੇਸ਼ਨ** (ਮਿਡਲ ਅਤੇ ਹਾਈ ਸਕੂਲ ਲਈ ਫਰੇਮਵਰਕ ਅਤੇ ਇੰਡਸਟਰੀ ਸਟੈਂਡਰਡ), **ਇੰਗਲਿਸ਼ ਲੈਂਗੁਏਜ ਪ੍ਰੋਫੀਸ਼ੈਂਸੀ** (ELA, ਗਣਿਤ ਅਤੇ ਵਿਗਿਆਨ ਵਿੱਚ) ਵੀ ਪੜ੍ਹਾਈ ਦੇ ਮਿਆਰ ਹਨ, ਇਸ ਤੋਂ ਇਲਾਵਾ **HIV ਅਤੇ ਸੈਕਸੁਅਲ ਸਿਹਤ** ਅਤੇ **ਅਰਲੀ ਲਰਨਿੰਗ** (ਜਨਮ ਤੋਂ ਤੀਜੇ ਗ੍ਰੇਡ ਤਕ) ਲਈ ਦਿਸ਼ਾ-ਨਿਰਦੇਸ਼ ਹਨ ਜੋ ਸਾਰੇ ਵਿਦਿਆਰਥੀਆਂ ਲਈ ਸੰਪੂਰਨ ਸਿੱਖਿਆ ਦੇ ਪੂਰਕ ਹੁੰਦੇ ਹਨ।

**ਵਿਸ਼ੇਸ਼ ਸਿੱਖਿਆ:** ਜਿਹੜੇ ਵਿਦਿਆਰਥੀ ਸੇਵਾਵਾਂ ਪ੍ਰਾਪਤ ਕਰਦੇ ਹਨ ਉਹਨਾਂ ਕੋਲ ਉਹਨਾਂ ਦੀਆਂ ਵਿਅਕਤੀਗਤ ਸਿੱਖਿਆ ਯੋਜਨਾਵਾਂ ਵਿੱਚ ਪਛਾਣ ਕੀਤੀਆਂ ਅਨੁਕੂਲਤਾਵਾਂ, ਸੰਸ਼ੋਧਨ ਅਤੇ ਸਹਾਇਤਾ ਹੁੰਦੀ ਹੈ।

**ਅੰਗਰੇਜ਼ੀ ਭਾਸ਼ਾ ਸਿੱਖਣ ਵਾਲੇ:** ਜਿਹੜੇ ਵਿਦਿਆਰਥੀ ਅੰਗਰੇਜ਼ੀ ਬੋਲਣੀ ਸਿਖ ਰਹੇ ਹੁੰਦੇ ਹਨ ਉਹਨਾਂ ਕੋਲ ਭਾਸ਼ਾਈ ਮਹਾਰਤ ਦੇ ਮਿਆਰ ਹੁੰਦੇ ਹਨ ਜੋ ਸਮੁੱਚੇ ਵਿਸ਼ਿਆਂ ਦੀ ਪੜ੍ਹਾਈ ਦੀ ਯੋਜਨਾ ਬਣਾਉਣ ਵਿੱਚ ਅਧਿਆਪਕਾਂ ਦੀ ਮਦਦ ਕਰਦੇ ਹਨ ਜੋ ਹਰੇਕ ਵਿਦਿਆਰਥੀ ਦੇ ਭਾਸ਼ਾਈ ਵਿਕਾਸ ਦੇ ਪੱਧਰ ਲਈ ਢੁਕਵੀਂ ਹੁੰਦੀ ਹੈ।

# ਗ੍ਰੇਡ 8

## ਵਾਸ਼ਿੰਗਟਨ ਰਾਜ ਦੇ ਪੜ੍ਹਾਈ ਸੰਬੰਧੀ ਟੀਚੇ (Washington State Learning Goals)

ਵਾਸ਼ਿੰਗਟਨ ਰਾਜ ਦੇ ਵਿਧਾਨਕਾਰਾਂ ਨੇ ਰਾਜ ਵਿੱਚ ਅਕਾਦਮਿਕ ਪੜ੍ਹਾਈ ਦੇ ਸਾਰੇ ਮਿਆਰਾਂ ਦੇ ਵਿਕਾਸ ਵਾਸਤੇ ਬੁਨਿਆਦ ਰੱਖਣ ਲਈ ਪੜ੍ਹਾਈ ਦੇ ਚਾਰ ਟੀਚੇ ਕਾਇਮ ਕੀਤੇ ਹਨ:

1. ਸਮਝ ਕੇ ਪੜ੍ਹੋ, ਪ੍ਰਭਾਵਸ਼ਾਲੀ ਢੰਗ ਨਾਲ ਲਿੱਖੋ, ਅਤੇ ਵੱਖੋ-ਵੱਖ ਤਰੀਕਿਆਂ ਅਤੇ ਸੈਟਿੰਗਸ ਨਾਲ ਅਤੇ ਵੱਖੋ-ਵੱਖ ਕਿਸਮਾਂ ਦੇ ਸ੍ਰੋਤਿਆਂ ਨਾਲ ਸਫਲਤਾਪੂਰਵਕ ਸੰਚਾਰ ਕਰੋ;
2. ਮੈਥੇਮੈਟਿਕਸ; ਸੋਸ਼ਲ, ਫ਼ਿਜ਼ਿਕਲ, ਅਤੇ ਲਾਈਫ ਸਾਇੰਸਜ਼; ਸਿਵਿਕਸ ਅਤੇ ਹਿਸਟਰੀ, ਜਿਸ ਵਿੱਚ ਵੱਖ-ਵੱਖ ਸਭਿਆਚਾਰਾਂ ਅਤੇ ਪ੍ਰਤੀਨਿਧ ਸਰਕਾਰ; ਜਿਓਗਰਫੀ; ਕਲਾ; ਅਤੇ ਸਿਹਤ ਅਤੇ ਫਿਟਨੈਸ ਦੀਆਂ ਮੂਲ ਧਾਰਣਾਵਾਂ ਅਤੇ ਸਿਧਾਤਾਂ ਬਾਰੇ ਜਾਣਨਾ ਅਤੇ ਉਹਨਾਂ ਨੂੰ ਅਮਲ ਵਿੱਚ ਭਾਗੀਦਾਰੀ ਸ਼ਾਮਲ ਹੈ;
3. ਵਿਵੇਕਪੂਰਣ ਫ਼ੈਸਲੇ ਲੈਣ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਵਿਸ਼ਲੇਸ਼ਣਾਤਮਕ, ਤਰਕਪੂਰਣ ਅਤੇ ਸਿਰਜਣਾਤਮਕ ਢੰਗ ਵਿੱਚ ਸੋਚਣਾ, ਅਤੇ ਤਕਨੀਕ ਦੀ ਪੜ੍ਹਾਈ ਅਤੇ ਰਵਾਨਗੀ ਅਤੇ ਨਾਲ ਹੀ ਵੱਖ-ਵੱਖ ਤਜਰਬਿਆਂ ਅਤੇ ਗਿਆਨ ਨੂੰ ਮਿਲਾਉਣਾ; ਅਤੇ
4. ਕੰਮ ਅਤੇ ਵਿੱਤ ਦੇ ਮਹੱਤਵ ਅਤੇ ਇਸ ਗੱਲ ਨੂੰ ਸਮਝਣਾ ਕਿ ਪ੍ਰਦਰਸ਼ਨ, ਕੋਸ਼ਿਸ਼ ਅਤੇ ਫ਼ੈਸਲੇ ਕਿਸ ਤਰ੍ਹਾਂ ਨਾਲ ਭਵਿੱਖ ਦੇ ਕੈਰੀਅਰ ਅਤੇ ਵਿਦਿਅਕ ਮੌਕਿਆਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੇ ਹਨ।


ਆਫ਼ਿਸ ਆਫ਼ ਸੁਪਰਿਨਟੈਂਡੈਂਟ ਆਫ਼ ਪਬਲਿਕ ਇੰਸਟ੍ਰਕਸ਼ਨ
(Office of Superintendent of Public Instruction)
www.k12.wa.us



ਸਤੰਬਰ 2017, ਪ੍ਰਕਾਸ਼ਨ ਸੰ. 17-0030

# ਵਾਸ਼ਿੰਗਟਨ ਵਿੱਚ ਰਾਜ ਟੈਸਟਿੰਗ

ਫੈਡਰਲ ਕਨੂੰਨ ਦੇ ਅਨੁਸਾਰ ਗ੍ਰੇਡ 3-8 ਵਿੱਚ ਵਿਦਿਆਰਥੀਆਂ ਦੀ ਸਲਾਨਾ ਜਾਂਚ ਅਤੇ ਹਾਈ ਸਕੂਲ ਵਿੱਚ ਅੰਗਰੇਜ਼ੀ ਭਾਸ਼ਾ ਕਲਾ (ELA) ਅਤੇ ਗਣਿਤ ਵਿੱਚ ਅਤੇ ਵਿੱਚ ਇੱਕ ਵਾਰ ਅਤੇ ਗ੍ਰੇਡ 5 ਅਤੇ 8 ਵਿੱਚ ਸਾਇੰਸ ਵਿੱਚ ਹਾਈ ਸਕੂਲ ਵਿੱਚ ਇੱਕ ਵਾਰ ਲੋੜੀਂਦੀ ਹੈ। ਵਾਸ਼ਿੰਗਟਨ ਰਾਜ ਲਈ ਇਹ ਵੀ ਲੋੜੀਂਦਾ ਹੈ ਕਿ ਵਿਦਿਆਰਥੀ ਹਾਈ ਸਕੂਲ ਤੋਂ ਪਾਸ ਹੋਣ ਵਾਸਤੇ ਯੋਗਤਾ ਪੂਰੀ ਕਰਨ ਲਈ ਖਾਸ ਟੈਸਟਾਂ ਨੂੰ ਪਾਸ ਕਰਨ।

ਗ੍ਰੇਡ 3-8 ਵਿੱਚ ਵਧੇਰੇ ਵਿਦਿਆਰਥੀ ELA ਅਤੇ ਗਣਿਤ ਵਿੱਚ **ਸਮਾਰਟਰ ਬੈਲੇਂਸਡ (Smarter Balanced)** ਟੈਸਟ, ਅਤੇ ਗ੍ਰੇਡ 5 ਅਤੇ 8 ਵਿੱਚ **ਵਾਸ਼ਿੰਗਟਨ ਕੰਪਰੀਹੈਂਸਿਵ ਅਸੈੱਸਮੈਂਟ ਫਾਰ ਸਾਇੰਸ (Washington Comprehensive Assessment for Science)** ਵਿੱਚ ਭਾਗ ਲੈਣਗੇ। ਇਹ ਟੈਸਟ ਉਪਕਰਣਾਂ, ਸਮਰਥਨਾਂ, ਜਾਂ ਅਨੁਕੂਲਤਾਵਾਂ ਸਮੇਤ ਜਾਂ ਇਨ੍ਹਾਂ ਤੋਂ ਬਿਨਾਂ ਲਏ ਜਾ ਸਕਦੇ ਹਨ।

ਆਪਣੇ ਇੰਡਿਵੀਜੁਅਲਾਈਜ਼ਡ ਐਜੂਕੇਸ਼ਨ ਪ੍ਰੋਗਰਾਮ (IEP) ਵਿੱਚ ਦਰਜ ਮਹੱਤਵਪੂਰਨ ਬੌਧਿਕ ਚੁਣੌਤੀਆਂ ਵਾਲੇ ਵਿਦਿਆਰਥੀ ELA, ਗਣਿਤ, ਅਤੇ ਵਿਗਿਆਨ ਵਿੱਚ ਵਾਸ਼ਿੰਗਟਨ – ਐਕਸੈੱਸ ਟੂ ਇੰਸਟ੍ਰਕਸ਼ਨ ਐਂਡ ਮੇਜ਼ਰਮੈਂਟ (WA-AIM) ਨਾਲ ਜਾਣੇ ਜਾਂਦੇ ਵਿਕਲਪਿਕ ਟੈਸਟ ਵਿੱਚ ਭਾਗ ਲੈਂਦੇ ਹਨ।

ਰਾਜ ਦੇ ਇਮਤਿਹਾਨ ਕਦੇ ਵੀ ਵਿਦਿਆਰਥੀ ਦੀਆਂ ਅਕਾਦਮਿਕ ਮਹਾਰਤਾਂ ਅਤੇ ਗਿਆਨ ਦੀ ਇੱਕਮਾਤਰ ਪਰਖ ਨਹੀਂ ਹੋਣੇ ਚਾਹੀਦੇ। ਜੇਕਰ ਆਪਣੇ ਬੱਚੇ ਦੀ ਪੜ੍ਹਾਈ ਬਾਰੇ ਤੁਹਾਡੇ ਕੋਈ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਅਧਿਆਪਕ ਜਾਂ ਸਕੂਲ ਨਾਲ ਸੰਪਰਕ ਕਰੋ।

K-12 ਗ੍ਰੇਡਾਂ ਵਿੱਚ ਅੰਗਰੇਜ਼ੀ ਬੋਲਣ ਦੀ ਸਿਖਲਾਈ ਸ਼ੁਰੂ ਕਰਨ ਵਾਲੇ ਵਿਦਿਆਰਥੀ 21ਵੀਂ ਸਦੀ (ELPA21) ਲਈ ਇੰਗਲਿਸ਼ ਲੈਂਗਵੇਜ ਪ੍ਰਾਫੀਸ਼ੈਂਸੀ ਅਸੈੱਸਮੈਂਟ (English Language Proficiency Assessment) ਵਿੱਚ ਸ਼ਾਮਲ ਹੋਣਗੇ। ਇਹ ਮੁਲਾਂਕਣ ਅੰਗਰੇਜ਼ੀ ਭਾਸ਼ਾ ਦੀਆਂ ਕੁਸ਼ਲਤਾਵਾਂ ਅਤੇ ਅੰਗਰੇਜ਼ੀ ਵਿੱਚ ਪੜ੍ਹਨ, ਲਿਖਣ, ਸੁਣਨ ਅਤੇ ਬੋਲਣ ਵਿੱਚ ਸਲਾਨਾ ਵਾਧੇ ਦਾ ਮਾਪ ਕਰਦਾ ਹੈ। ਜੋ ਵਿਦਿਆਰਥੀ ਅੰਗਰੇਜ਼ੀ ਭਾਸ਼ਾ ਪ੍ਰੋਗਰਾਮ ਸਹਿਯੋਗ ਸੇਵਾਵਾਂ ਪ੍ਰਾਪਤ ਕਰਨ ਲਈ ELPA21 ਦੇ ਯੋਗ ਹੋਣ ਤੇ ਉੱਭਰਦੇ ਜਾਂ ਤਰੱਕੀ ਕਰਨ (Emerging or Progressing) ਦੇ ਇੱਕ ਪ੍ਰੋਫੀਸ਼ੈਂਸੀ ਪੱਧਰ ਪ੍ਰਾਪਤ ਕਰਦੇ ਹਨ।

## ਸੂਬਾਈ ਇਮਤਿਹਾਨਾਂ ਬਾਰੇ ਅੱਕਸਰ ਪੁੱਛੇ ਜਾਂਦੇ ਸਵਾਲ

### ਮੇਰੇ ਬੱਚੇ ਨੂੰ ਰਾਜ ਦੇ ਟੈਸਟ ਦੇਣ ਦੀ ਲੋੜ ਕਿਉਂ ਹੈ?

ਰਾਜ ਦੇ ਟੈਸਟ ਰਾਜ ਅਤੇ ਸੰਘੀ ਕਾਨੂੰਨਾਂ ਵੱਲੋਂ ਲੋੜੀਂਦੇ ਹਨ। ਇਸ ਬਾਰੇ ਪਤਾ ਲਗਾਉਣ ਲਈ ਸਿਰਫ ਇਹੋ ਇੱਕੋ ਤਰੀਕਾ ਨਹੀਂ ਹੈ ਕਿ ਸਕੂਲ ਵਿੱਚ ਵਿਦਿਆਰਥੀ ਕਿਵੇਂ ਕਾਰਗੁਜ਼ਾਰੀ ਕਰ ਰਿਹਾ ਹੈ, ਪਰ ਇਹ ਬਹੁਤ ਦੇਰ ਹੋਣ ਤੋਂ ਪਹਿਲਾਂ ਪੜ੍ਹਾਈ ਦੇ ਮੁੱਦਿਆਂ ਦੀ ਪਛਾਣ ਕਰਨ ਵਿੱਚ ਮਦਦ ਕਰ ਸਕਦਾ ਹੈ।

ਹਾਈ ਸਕੂਲ ਵਿੱਚ, ਰਾਜ ਦੇ ਟੈਸਟ ਜਾਂ ਮਾਨਤਾ ਪ੍ਰਾਪਤ ਵਿਕਲਪਾਂ ਨੂੰ ਪਾਸ ਕਰਨਾ ਦਰਸਾਉਂਦਾ ਹੈ ਕਿ ਵਿਦਿਆਰਥੀਆਂ ਕੋਲ ਵਿੱਦਿਅਕ ਕੁਸ਼ਲਤਾਵਾਂ ਦੀ ਮਜ਼ਬੂਤ ਨੀਂਹ ਹੈ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਕਿਸ ਸਕੂਲ ਵਿੱਚ ਪੜ੍ਹੇ ਜਾਂ ਗ੍ਰੇਜੂਏਸ਼ਨ ਤੋਂ ਬਾਦ ਕੀ ਕਰਨਾ ਚਾਹੁੰਦੇ ਹਨ।

### ਕੀ ਮੈਂ ਆਪਣੇ ਬੱਚੇ ਦੇ ਟੈਸਟ ਦੇਖ ਸਕਦਾ/ਸਕਦੀ ਹਾਂ?

ਟੈਸਟ ਦੇ ਸੁਰੱਖਿਆ ਕਾਰਨਾਂ ਕਰਕੇ, ਵਿਦਿਆਰਥੀ ਆਪਣੇ ਦੋਸਤਾਂ ਅਤੇ ਪਰਿਵਾਰ ਨਾਲ ਰਾਜ ਦੇ ਟੈਸਟਾਂ ਦੇ ਵਿਸ਼ੇ ਬਾਰੇ ਵਿਚਾਰ-ਵਟਾਂਦਰਾ ਨਹੀਂ ਕਰ ਸਕਦੇ। ਪਰ, ਪਰਿਵਾਰਾਂ ਦਾ ਆਪਣੇ ਬੱਚੇ ਦੇ ਟੈਸਟਾਂ ਦੇ ਨਤੀਜਿਆਂ ਤੋਂ ਬਾਦ ਸਮੀਖਿਆ ਕਰਨ ਲਈ ਸਵਾਗਤ ਹੈ।

## ਗ੍ਰੇਡ ਪੱਧਰ ਦੇ ਅਨੁਸਾਰ ਟੈਸਟ, 2017-18

| | ਕ (K) | ਪਹਿਲਾ | ਦੂਜਾ | ਤੀਜਾ | ਚੌਥਾ | ਪੰਜਵਾਂ | ਛੇਵਾਂ | ਸੱਤਵਾਂ | ਅੱਠਵਾਂ |
|---|---|---|---|---|---|---|---|---|---|
| ELA | | | | ✓ | ✓ | ✓ | ✓ | ✓ | ✓ |
| ਗਣਿਤ | | | | ✓ | ✓ | ✓ | ✓ | ✓ | ✓ |
| ਵਿਗਿਆਨ | | | | | | ✓ | | | ✓ |

**ਟਿੱਪਣੀਆਂ:**

- ਇੰਗਲਿੰਸ਼ ਲੈਂਗੁਏਜ ਪ੍ਰੋਫੀਸ਼ੈਂਸੀ ਅਸੈੱਸਮੈਂਟ ਅੰਗਰੇਜ਼ੀ ਬੋਲਣਾ ਸਿੱਖਣ ਵਾਲੇ ਵਿਦਿਆਰਥੀਆਂ ਲਈ ਲਾਜ਼ਮੀ ਹੈ। ਵਿਦਿਆਰਥੀ ਸਹਿਯੋਗ ਪ੍ਰਾਪਤ ਕਰਨ ਦੇ ਯੋਗ ਹੋਣ ਲਈ ਟੈਸਟ ਦਿੰਦੇ ਹਨ। ਉਹ ਸਲਾਨਾ ਅਧਾਰ 'ਤੇ ਉਦੋਂ ਤਕ ਟੈਸਟ ਦੇਣਾ ਜਾਰੀ ਰੱਖਦੇ ਹਨ ਜਦੋਂ ਤਕ ਉਹ ਇੰਗਲਿੰਸ਼ ਲੈਂਗੁਏਜ ਪ੍ਰੋਫੀਸ਼ੈਂਸੀ ਤਕ ਨਹੀਂ ਪਹੁੰਚ ਜਾਂਦੇ।
- ਹੋਰ ਟੈਸਟ ਲੋੜੀਂਦੇ ਹਨ, ਪਰ ਡਿਸਟ੍ਰਿਕਟਸ ਨੇ ਟੈਸਟਾਂ ਦੀ ਚੋਣ ਕਰਨ ਅਤੇ ਇਹ ਨਿਰਧਾਰਿਤ ਕਰਨ ਵਿੱਚ ਕੁਝ ਲਚਕਤਾ ਰੱਖੀ ਹੈ ਕਿ ਵਿਦਿਆਰਥੀ ਟੈਸਟ ਕਦੋਂ ਦੇਣ। ਟੈਸਟਾਂ ਵਿੱਚ ਸ਼ਾਮਲ ਹਨ, ਸਮਾਜਿਕ ਸਿੱਖਿਆ, ਕਲਾਵਾਂ, ਸਿਹਤ ਅਤੇ ਸਰੀਰਕ ਸਿੱਖਿਆ ਅਤੇ ਹੋਰਾਂ ਵਿਸ਼ਿਆਂ ਵਿੱਚ ਦੂਜੇ-ਗ੍ਰੇਡ ਦੀ ਰੀਡਿੰਗ ਅਤੇ ਕਲਾਸਰੂਮ-ਆਧਾਰਿਤ ਟੈਸਟ। http://www.k12.wa.us/assessment/default.aspx ਤੇ ਵਿਸ਼ਾ ਖੇਤਰ (Subject Area) ਲਿੰਕਾਂ ਵਿੱਚ ਵਧੇਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।
- ਸਕੂਲ ਡਿਸਟ੍ਰਿਕਟਸ ਨੂੰ ਵਾਧੂ ਟੈਸਟਾਂ ਦੀ ਵੀ ਲੋੜ ਹੁੰਦੀ ਹੈ। ਹੋਰ ਵੇਰਵਿਆਂ ਲਈ ਆਪਣਾ ਸਥਾਨਕ ਡਿਸਟ੍ਰਿਕਟ ਨੂੰ ਸੰਪਰਕ ਕਰੋ।

## ਸਟੇਟ ਟੈਸਟਿੰਗ ਵਿੰਡੋਜ਼

*ਟੈਸਟਿੰਗ ਦਾ ਆਯੋਜਨ ਹੇਠਾਂ ਸੂਚਿਤ ਵਿੰਡੋਜ਼ ਦੇ ਅਨੁਸਾਰ ਕੀਤਾ ਜਾਂਦਾ ਹੈ। ਆਪਣੇ ਬੱਚੇ ਦੇ ਟੈਸਟਾਂ ਵਿੱਚ ਭਾਗ ਲੈਣ ਵਾਲੀਆਂ ਤਾਰੀਖਾਂ ਬਾਰੇ ਜਾਣਕਾਰੀ ਲਈ ਆਪਣੇ ਲੋਕਲ ਸਕੂਲ ਡਿਸਟ੍ਰਿਕਟ ਨਾਲ ਸੰਪਰਕ ਕਰੋ।*

| ਸਟੇਟ ਟੈਸਟਿੰਗ ਵਿੰਡੋਜ਼ | |
|---|---|
| **16 ਅਕਤੂਬਰ–6 ਅਪ੍ਰੈਲ:** | WA-AIM |
| **1 ਫਰਵਰੀ–30 ਮਾਰਚ:** | ELPA21 |
| **5 ਮਾਰਚ–8 ਜੂਨ:** | ਸਮਾਰਟਰ ਬੈਲੈਂਸਡ (Smarter Balanced) |
| **16 ਅਪ੍ਰੈਲ–8 ਜੂਨ:** | ਵਿਗਿਆਨ |

*OSPI ਉੱਪਰ ਸੂਚੀਬੱਧ ਸਾਰੇ ਟੈਸਟਾਂ ਲਈ ਸਕੋਰ ਰਿਪੋਰਟਾਂ ਮੁਹੱਈਆ ਕਰਦਾ ਹੈ। ਵਧੇਰੇ ਜਾਣਕਾਰੀ ਲਈ ਆਪਣੇ ਸਥਾਨਕ ਸਕੂਲ ਡਿਸਟ੍ਰਿਕਟ ਨੂੰ ਸੰਪਰਕ ਕਰੋ।*

## ਰਾਜ ਦੇ ਟੈਸਟ ਦੇ ਅੰਕਾਂ ਦਾ ਕੀ ਮਤਲਬ ਹੈ?

ਪੱਧਰ **4** — **ਸਫ਼ਲਤਾ ਮਿਆਰ ਤੋਂ ਉੱਪਰ:** ਇੱਕ ਵਿਸ਼ੇ ਵਿੱਚ ਗਿਆਨ ਅਤੇ ਕੁਸ਼ਲਤਾ ਦੀ ਮਹਾਰਤ ਵੱਲ ਉਚੇਰੀ ਤਰੱਕੀ ਦਰਸਾਉਂਦਾ ਹੈ।

ਪੱਧਰ **3** — **ਸਫ਼ਲਤਾ ਮਿਆਰ ਦੀ ਪ੍ਰਾਪਤੀ:** ਇੱਕ ਵਿਸ਼ੇ ਵਿੱਚ ਗਿਆਨ ਅਤੇ ਕੁਸ਼ਲਤਾ ਦੀ ਮਹਾਰਤ ਵੱਲ ਤਰੱਕੀ ਦਰਸਾਉਂਦਾ ਹੈ।

ਪੱਧਰ **2** — **ਸਫ਼ਲਤਾ ਮਿਆਰ ਦੀ ਨਜ਼ਦੀਕੀ ਪ੍ਰਾਪਤੀ:** ਇੱਕ ਵਿਸ਼ੇ ਵਿੱਚ ਗਿਆਨ ਅਤੇ ਕੁਸ਼ਲਤਾ ਦਰਸਾਉਣ ਲਈ ਹੋਰ ਵਕਿਾਸ ਦੀ ਜ਼ਰੂਰਤ ਹੋ ਸਕਦੀ ਹੈ।

ਪੱਧਰ **1** — **ਸਫ਼ਲਤਾ ਮਿਆਰ ਦੀਆਂ ਲੋੜਾਂ ਪੂਰੀਆਂ ਨਹੀਂ ਕਰਦਾ:** ਇੱਕ ਵਿਸ਼ੇ ਵਿੱਚ ਗਿਆਨ ਅਤੇ ਕੁਸ਼ਲਤਾ ਦਰਸਾਉਣ ਲਈ ਮਹੱਤਵਪੂਰਨ ਵਕਿਾਸ ਦੀ ਜ਼ਰੂਰਤ ਹੈ।


Office of Superintendent of Public Instruction
Old Capitol Building
P.O. Box 47200
Olympia, WA 98504-7200


www.YourChildsProgress.com

ਸਤੰਬਰ 2017, ਪ੍ਰਕਾਸ਼ਨ ਸੰ. 17-0030